# ਭਗਤ ਰਵਿਦਾਸ - ਸਬਦ ੩੯

## ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ ਤਾਸ ਸਮ ਤੁਲਿ ਨਹੀ ਆਨ ਕੋਊ ॥

ਰਾਗੁ ਮਲਾਰ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ,੧੨੯੩

ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ ਤਾਸ ਸਮ ਤੁਲਿ ਨਹੀ ਆਨ ਕੋਊ ॥
ਏਕ ਹੀ ਏਕ ਅਨੇਕ ਹੋਇ ਬਿਸਥਰਿਓ ਆਨ ਰੇ ਆਨ ਭਰਪੂਰਿ ਸੋਊ ॥ ਰਹਾਉ ॥
ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ ਤਾਸ ਕੀ ਜਾਤਿ ਆਛੋਪ ਛੀਪਾ ॥
ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ ਦੀਪਾ ॥੧॥
ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ ॥
ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ ॥੨॥
ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ ॥
ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ ॥੩॥੨॥

ਸਾਰ: ਬਾਹਰੀ ਰੂਪ, ਅਭਿਆਸ, ਅਤੇ ਵਿਸ਼ਵਾਸ ਪ੍ਰਣਾਲੀਆਂ ਵੱਖ-ਵੱਖ ਹੁੰਦੀਆਂ ਹਨ, ਜੋ ਸੱਭਿਆਚਾਰ ਅਤੇ ਨਿੱਜੀ ਗੁਣਾਂ ਕਾਰਣ ਢਲੀਆਂ ਹੁੰਦੀਆਂ ਹਨ। ਇਕ ਵਿਅਕਤੀ ਸ਼ਰਧਾ ਵਸ ਝੁਕ ਸਕਦਾ ਹੈ, ਦੂਜਾ ਧਿਆਨ ਰਾਹੀਂ ਸ਼ਾਂਤ ਹੋ ਸਕਦਾ ਹੈ, ਜਦੋਂ ਕਿ ਕੋਈ ਗਾਇਨ ਰਾਹੀਂ ਸ਼ਰਧਾ ਦਾ ਪ੍ਰਗਟਾਵਾ ਕਰ ਸਕਦਾ ਹੈ। ਇਹਨਾਂ ਵਖਰੇਵਿਆਂ ਦੇ ਬਾਵਜੂਦ, ਗੰਭੀਰ ਅਰਥ ਅਤੇ ਅੰਤਰੀਵੀ ਸਪੱਸ਼ਟਤਾ ਦੀ ਮਨੁੱਖੀ ਭਾਲ ਸਰਵ ਵਿਆਪਕ ਹੈ। ਹਰੇਕ ਪ੍ਰਗਟਾਵੇ ਦੇ ਹੇਠਾਂ ਆਪਣੇ ਮੂਲ ਸੋਮੇ ਨਾਲ ਜੁੜਨ ਦੀ ਇੱਛਾ ਪ੍ਰਬਲ ਹੁੰਦੀ ਹੈ। ਜਦੋਂ ਕਿ ਸ਼ਰਤਬੱਧ ਮਨ ਇਹਨਾਂ ਰੂਪਾਂ 'ਤੇ ਵਾਦ-ਵਿਵਾਦ ਕਰ ਸਕਦੇ ਹਨ, ਸਾਡਾ ਸੂਖਮ ਆਪਾ ਸਾਡੇ ਸਾਂਝੇ ਸਰੂਪ ਨੂੰ ਪਛਾਣਦਾ ਹੈ। ਇਸ ਸੂਝ ਨੂੰ ਅਪਣਾਉਣ ਨਾਲ ਅਸੀਂ ਇਹ ਦੇਖ ਸਕਦੇ ਹਾਂ ਕਿ ਸਾਡੇ ਵੱਲੋਂ ਚੁਣੇ ਵੱਖ-ਵੱਖ ਰਾਹ ਸਿਰਫ਼ ਵੱਖੋ-ਵੱਖਰੇ ਦ੍ਰਿਸ਼ਟੀਕੋਣ ਹਨ, ਜੋ ਸਾਰੇ ਇਕ ਸਾਂਝੀ ਸਤਾ ਵੱਲ ਇਸ਼ਾਰਾ ਕਰਦੇ ਹਨ ਅਤੇ ਸਾਨੂੰ ਆਪਣੀ ਸਰਵ ਵਿਆਪਕਤਾ ਦਾ ਜਸ਼ਨ ਮਨਾਉਣ ਲਈ ਸੱਦਾ ਦਿੰਦੇ ਹਨ।

ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ ਤਾਸ ਸਮ ਤੁਲਿ ਨਹੀ ਆਨ ਕੋਊ ॥

ਸਾਰੇ ਜੀਵਾਂ ਦੁਆਰਾ ਸਾਂਝੀ ਕੀਤੀ ਗਈ ਸਰਵਵਿਆਪੀ ਜਾਗਰੂਕਤਾ 'ਤੇ ਲਗਾਤਾਰ ਵਿਚਾਰ ਕਰਨ ਨਾਲ ਅੰਤਰੀਵੀ ਸ਼ਾਂਤੀ ਦੀ ਅਵਸਥਾ ਪੈਦਾ ਹੁੰਦੀ ਹੈ; ਇਸ ਦੇ ਤੁਲ ਹੋਰ ਕੁਝ ਨਹੀਂ ਹੈ। ਇਸਦਾ ਅਰਥ ਹੈ ਕਿ

ਸਾਂਝੀ ਸਤਾ ਨੂੰ ਪਛਾਣਨ ਨਾਲ ਸਾਡੀ ਚੇਤਨਾ ਦਾ ਕੱਦ ਉੱਚਾ ਹੁੰਦਾ ਹੈ ਅਤੇ ਉਹ ਸਾਨੂੰ ਅਜਿਹੇ ਮਾਣ ਨਾਲ ਨਿਵਾਜ਼ਦੀ ਹੈ ਜੋ ਧਰਤੀ ਦੇ ਕਿਸੇ ਵੀ ਰੁਤਬੇ ਤੋਂ ਪਰੇ ਹੈ।

ਏਕ ਹੀ ਏਕ ਅਨੇਕ ਹੋਇ ਬਿਸਥਰਿਓ ਆਨ ਰੇ ਆਨ ਭਰਪੂਰਿ ਸੋਊ ॥ ਰਹਾਉ ॥
ਇਕ ਸਤਾ, ਹਰ ਪਹਿਲੂ ਵਿਚ ਸਦ ਹਾਜ਼ਰ ਰਹਿਣ ਦੇ ਬਾਵਜੂਦ ਆਪਣੇ ਆਪ ਨੂੰ ਕਈ ਰੂਪਾਂ ਰਾਹੀਂ ਪ੍ਰਗਟ ਕਰਦੀ ਹੈ। ਇਹ ਭਾਵ ਅਦਵੈਤ ਰੂਪੀ ਹਕੀਕਤ ਨੂੰ ਬਿਆਨ ਕਰਦਾ ਹੈ ਜਿਸ ਵਿਚ ਏਕਤਾ ਵੰਨ-ਸੁਵੰਨਤਾ ਦੇ ਰੂਪ ਵਿਚ ਪਸਰਦੀ ਹੋਈ ਹਰ ਵਿਤਕਰੇ ਨੂੰ ਖਤਮ ਕਰਦੀ ਹੈ। (ਠਹਿਰਾਉ)

ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ ਤਾਸ ਕੀ ਜਾਤਿ ਆਛੋਪ ਛੀਪਾ ॥
ਜਿਹੜੇ ਸਿਰਜਣਹਾਰ ਦੀ ਉਸਤਤ ਇਕ ਗ੍ਰੰਥ ਵਿਚ ਕਲਮਬੱਧ ਕਰਦੇ ਹਨ ਅਤੇ ਇਸ ਦੇ ਤੱਤਸਾਰ ਤੋਂ ਪਾਰ ਵਿਚਾਰ ਨਹੀਂ ਕਰਦੇ, ਉਨ੍ਹਾਂ ਨੂੰ ਅਛੂਤ ਮੰਨਿਆ ਜਾਣਾ ਚਾਹੀਦਾ ਹੈ। ਇਹ ਭਾਵ ਇਸ ਤੱਥ ਨੂੰ ਵਧੇਰੇ ਮਜ਼ਬੂਤ ਕਰਦਾ ਹੈ ਕਿ ਰੁਤਬਾ ਅਤੇ ਗਿਆਨ, ਜਾਗਰੂਕਤਾ ਦੇ ਹੱਕਦਾਰ ਨਹੀਂ ਹਨ, ਜਿਵੇਂ ਕਿ ਭਗਤ ਨਾਮਦੇਵ ਦੁਆਰਾ ਪ੍ਰਮਾਣਿਤ ਕੀਤਾ ਗਿਆ ਹੈ, ਜੋ ਸਮਾਜ ਦੇ ਹਾਸ਼ੀਏ 'ਤੇ ਧੱਕੀ ਹੋਈ ਛੀਂਬਾਂ ਬਰਾਦਰੀ ਦੇ ਵਿਚੋਂ ਹੋਣ ਦੇ ਬਾਵਜੂਦ ਵੀ, ਜਾਗਰੂਕਤਾ ਪ੍ਰਾਪਤ ਕਰ ਗਏ।

ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ ਦੀਪਾ ॥੧॥
ਵਿਦਵਾਨ ਵਿਆਸ ਦੀਆਂ ਲਿਖਤਾਂ, ਅਤੇ ਸਨਕ, ਜੋ ਸਿਰਜਣਹਾਰ ਦੀ ਸੰਤਾਨ ਦਾ ਪ੍ਰਤੀਕ ਹੈ, ਸੱਤ ਮਹਾਂਦੀਪਾਂ ਵਿਚ ਸਵੈ-ਚਿੰਤਨ ਦੀ ਮਹੱਤਤਾ ਨੂੰ ਪਛਾਣਦੇ ਹਨ। ਇਹ ਭਾਵ ਦਾਅਵਾ ਕਰਦਾ ਹੈ ਕਿ ਬਿਬੇਕ ਅਤੇ ਅੰਤਰ ਦ੍ਰਿਸ਼ਟੀ ਕਿਸੇ ਸੀਮਾ ਵਿਚ ਨਹੀਂ ਬੱਝੀ ਹੁੰਦੀ ਅਤੇ ਇਹ ਰੂਹਾਨੀ ਪਰੰਪਰਾਵਾਂ ਅਤੇ ਵੱਖ-ਵੱਖ ਸਭਿਆਚਾਰਾਂ ਤੋਂ ਪਾਰ ਹੁੰਦੀਆਂ ਹਨ। (੧)

ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ ॥
ਕੁਝ ਪਰੰਪਰਾਵਾਂ ਵਿਚ, ਈਦ ਅਤੇ ਬਕਰੀਦ ਦੌਰਾਨ ਗਊਆਂ ਨੂੰ ਮਾਰ ਕੇ, ਧਾਰਮਿਕ ਵਿਦਵਾਨਾਂ, ਸ਼ਹੀਦਾਂ ਅਤੇ ਅਧਿਆਤਮਿਕ ਮਾਰਗਦਰਸ਼ਕਾਂ ਨੂੰ ਸਨਮਾਨ ਦਿੱਤਾ ਜਾਂਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ

ਬਾਹਰੀ ਰੂਪ, ਅਭਿਆਸ ਅਤੇ ਵਿਸ਼ਵਾਸ ਪ੍ਰਣਾਲੀਆਂ ਦੇ ਵੱਖੋ-ਵੱਖਰੀਆਂ ਹੋਣ ਦੇ ਬਾਵਜੂਦ ਵੀ ਮੂਲ ਸਰੋਤ ਉਹੀ ਰਹਿੰਦਾ ਹੈ।

ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ ॥੨॥
ਪਿਤਾ ਨੇ ਜੋ ਕੀਤਾ, ਪੁੱਤਰ ਨੇ ਉਸਦੀ ਪਾਲਣਾ ਕੀਤੀ; ਭਾਵੇਂ, ਉਹ ਕੁਝ ਅਜਿਹਾ ਪ੍ਰਾਪਤ ਕਰਨ ਵਿਚ ਸਫਲ ਹੋਇਆ ਜਿਸਨੇ ਉਸਨੂੰ ਤਿੰਨਾਂ ਖੰਡਾਂ ਵਿਚ ਬਤੌਰ ਕਬੀਰ ਵਜੋਂ ਸਨਮਾਨ ਦਿਵਾਇਆ। ਇਹ ਹਵਾਲਾ ਸਪੱਸ਼ਟ ਕਰਦਾ ਹੈ ਕਿ ਹਰ ਇਕ  ਲਈ ਵਿਗਾਸ ਦੀ ਗਤੀ ਵਿਲੱਖਣ ਹੁੰਦੀ ਹੈ, ਜੋ ਖਾਸ ਵਿਸ਼ਵਾਸਾਂ ਦੁਆਰਾ ਸੀਮਤ ਨਹੀਂ ਹੁੰਦੀ, ਬਲਕਿ ਵੱਖ-ਵੱਖ ਅਨੁਭਵੀ ਸਿੱਖਿਆਵਾਂ ਅਤੇ ਸੂਝਾਂ ਦਾ ਸੁਮੇਲ ਹੁੰਦੀ ਹੈ।  (੨)

ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ ॥
ਬਨਾਰਸ ਅਤੇ ਇਸ ਦੇ ਬਾਹਰੀ ਇਲਾਕਿਆਂ ਵਿਚ ਰੋਜ਼ਾਨਾ ਮਰੇ ਹੋਏ ਪਸ਼ੂਆਂ ਨੂੰ ਢੋਣ ਦੀ ਕਿਰਤ ਕਰਨ ਲਈ ਉਨ੍ਹਾਂ ਦੀ ਬਰਦਾਰੀ ਨੂੰ ਨੀਵਾਂ ਮੰਨਿਆ ਜਾਂਦਾ ਹੈ। ਇਹ ਭਾਵ ਹਾਸ਼ੀਏ 'ਤੇ ਧੱਕੇ ਅਤੇ ਤ੍ਰਿਸ਼ਕਾਰੇ ਹੋਏ ਕਿੱਤਿਆਂ ਵਿਚ ਰਹਿਣ ਵਾਲਿਆਂ ਨਾਲ ਕੀਤੇ ਜਾਂਦੇ ਵਿਤਕਰੇ ਅਤੇ ਅਨਿਆਂ ਨੂੰ ਉਜਾਗਰ ਕਰਦਾ ਹੈ, ਜਿਸ ਨਾਲ ਉਹ ਸਮਾਜਿਕ ਮਾਣ ਅਤੇ ਸਤਿਕਾਰ ਤੋਂ ਵਾਂਝੇ ਰਹਿੰਦੇ ਹਨ।

ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ ॥੩॥੨॥
ਉਨ੍ਹਾਂ ਦੇ ਪੁੱਤਰ, ਰਵਿਦਾਸ ਜੋ ਕਿ ਭਗਤਾਂ ਦੇ ਭਗਤ ਹਨ, ਨੂੰ ਨੇਕੀ ਅਤੇ ਬਿਬੇਕ ਕਾਰਣ ਬਹੁਤ ਸਤਿਕਾਰ ਅਤੇ ਮਾਨ ਮਿਲਦਾ ਹੈ। ਇਹ ਦ੍ਰਿਸ਼ਟਾਂਤ ਵਿਰੋਧਾਭਾਸ ਨੂੰ ਪੇਸ਼ ਕਰਦਾ ਹੋਇਆ ਦਰਸਾਉਂਦਾ ਹੈ ਕਿ ਪਵਿੱਤਰਤਾ ਦੇ ਰਖਵਾਲੇ ਮਾੜੇ ਇਰਾਦੇ ਰੱਖਦੇ ਹੋਏ ਮਲੀਨਤਾ ਦੇ ਧਾਰਨੀ ਹੋ ਸਕਦੇ ਹਨ, ਜਦੋਂ ਕਿ ਅਸ਼ੁੱਧ ਮੰਨੇ ਜਾਣ ਵਾਲੇ ਆਪਣੇ ਨੇਕ ਇਰਾਦਿਆਂ ਨਾਲ ਪਵਿੱਤਰਤਾ ਨੂੰ ਅੰਗੀਕਾਰ ਕਰ ਸਕਦੇ ਹਨ। (੩)(੨)

ਤੱਤ: ਭਗਤ ਰਵਿਦਾਸ ਏਕਤਾ ਦਾ ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ ਜੋ ਇਕਸਾਰਤਾ ਦੀ ਥਾਂ ਵੰਨ-ਸੁਵੰਨਤਾ ਦਾ ਜਸ਼ਨ ਮਨਾਉਂਦਾ ਹੈ। ਉਹ ਇਸ ਤੱਥ 'ਤੇ ਜ਼ੋਰ ਦਿੰਦੇ ਹਨ ਕਿ ਆਪਸੀ ਮਤਭੇਦਾਂ ਕਾਰਣ ਸਾਡੀ ਏਕਤਾ ਦੀ ਭਾਵਨਾ ਘਟਣੀ ਨਹੀਂ ਚਾਹੀਦੀ, ਸਗੋਂ ਸਾਨੂੰ ਉਨ੍ਹਾਂ ਦਾ ਦਬਦਬਾ ਘਟਾਉਣਾ ਚਾਹੀਦਾ ਹੈ। ਨਿਮਰਤਾ ਨੂੰ ਉਤਸ਼ਾਹਿਤ ਕਰਦੇ ਹੋਏ, ਉਹ ਸੁਝਾਅ ਦਿੰਦੇ ਹਨ ਕਿ ਵੱਖ-ਵੱਖ ਰੂਪਾਂ ਵਿਚ ਪ੍ਰਗਟ ਕੀਤੀ ਗਈ ਇਕਰੂਪ ਚੇਤਨਾ ਦਾ ਵਿਚਾਰ, ਕਠੋਰ ਸਮਾਜਿਕ ਜਾਂ ਧਾਰਮਿਕ ਕ੍ਰਮ ਨਾਲੋਂ, ਨੇਕ ਸਾਧਕਾਂ ਵਿਚ ਵਧੇਰੇ ਉਜਲ ਹੁੰਦਾ

ਹੈ। ਭਗਤ ਨਾਮਦੇਵ (ਛੀਂਬਾ), ਭਗਤ ਕਬੀਰ (ਜੁਲਾਹਾ), ਅਤੇ ਭਗਤ ਰਵਿਦਾਸ ਆਪਣੀ ਖ਼ੁਦ ਦੀ ਕੁਲ (ਚਮਿਆਰ) ਦਾ ਹਵਾਲਾ ਦੇ ਕੇ ਇਹ ਸਮਝਾਉਂਦੇ ਹਨ ਕਿ ਉਹ ਇਨਕਲਾਬੀ ਸੰਤ ਜਿਨ੍ਹਾਂ ਨੂੰ ਨੀਵੀਂ ਜਾਤ ਦੇ ਮੰਨਿਆ ਜਾਂਦਾ ਹੈ, ਉਨ੍ਹਾਂ ਦੀ ਕੁਲ ਨੇ ਉਨ੍ਹਾਂ ਦੀ ਜਾਗਰੂਕਤਾ ਨੂੰ ਸੀਮਤ ਕਰਨ ਵਿਚ ਕੋਈ ਭੂਮਿਕਾ ਨਹੀਂ ਨਿਭਾਈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**